## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ, ਫੇਜ-8 ਐਸ.ਏ ਐਸ ਨਗਰ

ਸਿੱਖਿਆ ਭਵਨ, ਕੰਪ :-ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਬਲਾਕ -ਈ, ਚੌਥੀ ਮੰਜਿਲ, ਫੇਜ-8 ਐਸ.ਏ ਐਸ ਨਗਰ

ਅਮਲਾ-3 ਸਾਖਾ

ਸੇਵਾ ਵਿਖੇ,

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)(ਐ:ਸਿ)
ਪੰਜਾਬ

ਮੀਮੋ ਨੰ 12/42-2017 ਅਮਲਾ-3(2)/2018380076 – 2018 38125
ਮਿਤੀ ਐਸ.ਏ ਐਸ ਨਗਰ:- 24-08-2018

ਵਿਸ਼ਾ:- ਰੈਸ਼ਨੇਲਾਈਜੇਸ਼ਨ ਪਾਲਿਸੀ 2018-19 ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪਨੂੰ ਸਕੂਲ ਸਿੱਖਿਆ ਵਿਭਾਗ , ਪੰਜਾਬ ਦੀ ਰੈਸ਼ਨੇਲਾਈਜੇਸ਼ਨ ਪਾਲਿਸੀ ਸਾਲ 2018-19 ਨਾਲ ਨੱਥੀ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਇਹ ਪਾਲਿਸੀ ਮਾਨਯੋਗ ਸਿੱਖਿਆ ਮੰਤਰੀ ਜੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਪਿੱਠ ਅੰਕਣ ਨੰ ਉਕਤ

ਮਿਤੀ ਐਸ.ਏ ਐਸ ਨਗਰ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਕੱਤਰ ਟੂ ਮਾਨਯੋਗ ਸਿੱਖਿਆ ਮੰਤਰੀ ਜੀ, ਪੰਜਾਬ।
2. ਨਿੱਜੀ ਸਕੱਤਰ ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ।
4. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ), ਪੰਜਾਬ, ਮੋਹਾਲੀ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ , ਪੰਜਾਬ।
6. ਡੀ.ਐਮ ,ਐਮ.ਆਈ.ਐਸ ਦ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਮੋਹਾਲੀ ਨੂੰ ਕਾਪੀ ਵੈਬਸਾਇਟ ਤੇ ਅਪਲੋਡ ਕਰਨ ਲਈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

**ਪੰਜਾਬ ਸਰਕਾਰ**
**(ਸਿੱਖਿਆ ਵਿਭਾਗ)**

**ਵਿਸ਼ਾ: ਰੈਸ਼ਨੇਲਾਈਜ਼ੇਸ਼ਨ ਪਾਲਿਸੀ 2018-19 ਸਬੰਧੀ ।**

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੋੜੀਂਦੇ ਅਧਿਆਪਕ ਮੁਹੱਈਆ ਕਰਵਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਦੀ ਤਾਇਨਾਤੀ ਨੂੰ ਤਰਕਸੰਗਤ ਬਣਾਉਣ ਲਈ ਰੈਸ਼ਨੇਲਾਈਜ਼ੇਸ਼ਨ ਨੀਤੀ ਹੇਠਾਂ ਅਨੁਸਾਰ ਤਜਵੀਜ ਕੀਤੀ ਜਾਂਦੀ ਹੈ:

**ੳ) ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ**

1.0 **ਸੈਕਸ਼ਨ ਵੰਡ:** ਇੱਕ ਸੈਕਸ਼ਨ ਵਿੱਚ ਛੇਵੀਂ ਤੋਂ ਅਠਵੀਂ ਤੱਕ 35, ਨੌਵੀਂ ਅਤੇ ਦਸਵੀਂ **40** ਅਤੇ ਗਿਆਰਵੀਂ ਤੇ ਬਾਰ੍ਹਵੀਂ ਸ਼੍ਰੇਣੀਆਂ ਵਿੱਚ **45** ਵਿਦਿਆਰਥੀ ਹੋਣਗੇ।

1.1 ਗਿਆਰਵੀਂ ਤੇ ਬਾਰ੍ਹਵੀਂ ਜਮਾਤਾਂ ਵਿੱਚ ਕਿਸੇ ਵੀ ਵਿਸ਼ੇ ਨੂੰ ਚਾਲੂ ਰੱਖਣ ਲਈ ਹਰ ਜਮਾਤ ਵਿੱਚ ਘੱਟੋ-ਘੱਟ 10 ਵਿਦਿਆਰਥੀਆਂ ਦੀ ਗਿਣਤੀ ਜਰੂਰੀ ਹੋਵੇਗੀ। **ਪਰ ਇਹ ਸ਼ਰਤ ਅਧਿਆਪਕਾਂ ਦੀ ਬਦਲੀਆਂ ਦੀ ਨੀਤੀ ਅਨੁਸਾਰ ਨਿਰਧਾਰਤ ਕੀਤੇ ਗਏ ਜੋਨ 4 ਅਤੇ 5 ਦੇ ਸਕੂਲਾਂ ਵਿੱਚ ਚੋਣਵੀਂ ਪੰਜਾਬੀ, ਚੋਣਵੀਂ ਹਿੰਦੀ ਅਤੇ ਚੋਣਵੀਂ ਅੰਗਰੇਜੀ ਵਿਸ਼ਿਆਂ ਲਈ ਘੱਟੋ ਘੱਟ 4 ਵਿਦਿਆਰਥੀ ਹੋਵੇਗੀ।**

1.2 ਜੇਕਰ ਕਿਸੇ ਸਕੂਲ ਵਿੱਚ 11ਵੀਂ ਜਾਂ 12ਵੀਂ ਵਿੱਚ ਕਿਸੇ ਵਿਸ਼ੇ ਦੇ 10 ਤੋਂ ਘੱਟ ਵਿਦਿਆਰਥੀ ਹਨ ਅਤੇ 11ਵੀਂ ਤੇ 12ਵੀਂ ਦੇ ਵਿਦਿਆਰਥੀਆਂ ਦਾ ਜੋੜ 20 ਬਣਦਾ ਹੈ ਤਾਂ ਇਹ ਵਿਸ਼ਾ ਚਾਲੂ ਰਹੇਗਾ।

1.3 ਸਾਇੰਸ ਗਰੁੱਪ ਦੇ ਚੋਣਵੇਂ ਵਿਸ਼ਿਆਂ ਮੈਥ/ ਬਾਇਓਲੌਜੀ ਵਿੱਚ ਜੇਕਰ ਵਿਦਿਆਰਥੀਆਂ ਦੀ ਗਿਣਤੀ 10 ਤੋਂ ਵੀ ਘੱਟ ਹੈ ਤਾਂ ਉਕਤ ਸ਼ਰਤ ਲਾਗੂ ਨਹੀਂ ਹੋਵੇਗੀ।

1.4 **ਮੈਡੀਕਲ/ ਨਾਨ ਮੈਡੀਕਲ ਗਰੁੱਪ ਲਈ ਪ੍ਰੈਕਟੀਕਲ ਦਾ ਗਰੁਪ 25 ਵਿਦਿਆਰਥੀਆਂ ਦਾ ਹੋਵੇਗਾ।**

2.0 **ਪੀਰੀਅਡ ਵੰਡ:**

| ਲੜੀ ਨੰ | ਅਹੁਦਾ | ਵਿਦਿਆਰਥੀਆਂ ਦੀ ਗਿਣਤੀ | ਪੀਰੀਅਡ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 1 | ਪ੍ਰਿੰਸੀਪਲ | - | 6 | **ਪ੍ਰਿੰਸੀਪਲ ਵੱਲੋਂ ਬੋਰਡ ਦੀਆਂ ਜਮਾਤਾਂ ਦੇ ਉਸ ਵਿਸ਼ੇ ਦੇ ਪੀਰੀਅਡ ਲਏ ਜਾਣਗੇ ਜਿਸ ਵਿਸ਼ੇ ਤੋਂ ਉਹ ਪ੍ਰਮੋਟ ਹੋਇਆ ਹੈ।** |
| 2 | ਹੈਡ ਮਾਸਟਰ | - | 15 | **ਹੈਡਮਾਸਟਰ ਵੱਲੋਂ ਬੋਰਡ ਦੀਆਂ ਜਮਾਤਾਂ ਦੇ ਉਸ ਵਿਸ਼ੇ ਦੇ ਪੀਰੀਅਡ ਲਏ ਜਾਣਗੇ ਜਿਸ ਵਿਸ਼ੇ ਤੋਂ ਉਹ ਪ੍ਰਮੋਟ ਹੋਇਆ ਹੈ।** |
| 3 | ਲੈਕਚਰਰ | | 27-30 | **ਲੈਕਚਰਰਜ਼ ਨੂੰ 11ਵੀਂ ਤੇ 12ਵੀਂ ਜਮਾਤ ਦੇ ਆਪਣੇ ਵਿਸ਼ੇ ਦੇ ਬਣਦੇ ਪੀਰੀਅਡ ਪੂਰੇ ਕਰਨ ਉਪਰੰਤ ਜੇਕਰ ਨਾਰਮ ਅਨੁਸਾਰ ਉਸਦੇ ਪੀਰੀਅਡਾਂ ਦੀ ਗਿਣਤੀ ਪੂਰੀ ਨਹੀਂ ਹੁੰਦੀ ਤਾਂ ਉਸ ਨੂੰ ਦਸਵੀ, ਨੌਵੀਂ ਜਾਂ ਹੇਠਲੀਆਂ ਜਮਾਤਾਂ ਦੇ ਪੀਰੀਅਡ ਦਿੱਤੇ ਜਾਣਗੇ ਅਤੇ ਇਹਨਾਂ ਦਾ ਨਤੀਜਾ ਸਬੰਧਤ ਲੈਕਚਰਰ ਦੀ ਸਾਲਾਨਾ ਗੁਪਤ ਰਿਪੋਰਟ ਵਿੱਚ ਦਰਜ਼ ਕੀਤਾ ਜਾਵੇਗਾ।** ਲੈਕਚਰਰ ਦੇ ਪੀਰੀਅਡ ਪੂਰੇ ਕਰਨ ਲਈ ਉਸ ਨੂੰ ਤਰਜੀਹੀ ਤੌਰ 'ਤੇ ਉਸੇ ਵਿਸ਼ੇ ਦੇ ਪੀਰੀਅਡ ਦਿੱਤੇ ਜਾਣ ਜਿਸ **ਵਿਸ਼ੇ ਵਿੱਚੋਂ/ ਜਿਸ ਵਿਸ਼ੇ ਵਿੱਚ** ਉਹ ਪ੍ਰਮੋਟ ਹੋਇਆ ਹੈ। |
| 4 | ਮਾਸਟਰ/ ਮਿਸਟ੍ਰੈਸ | | 30-33 | ਲੈਕਚਰਰਜ਼ ਨੂੰ ਪੀਰੀਅਡ ਦੇਣ ਉਪਰੰਤ ਪਾਲਸੀ ਅਨੁਸਾਰ ਪੀਰੀਅਡ ਪੂਰੇ ਕੀਤੇ ਜਾਣਗੇ । |
| 5 | ਕੰਪਿਊਟਰ ਟੀਚਰ | | 33-36 | ਜੇਕਰ ਸਬੰਧਤ ਸਕੂਲ ਵਿੱਚ ਕੰਪਿਊਟਰ ਟੀਚਰ ਦੇ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਇਹਨਾਂ ਨੂੰ ਸਸਸਸ/ ਸਹਸ ਸਕੂਲਾਂ ਨਾਲ ਜੁੜੇ ਹੋਏ ਮਿਡਲ ਸਕੂਲਾਂ ਵਿੱਚ ਲੋੜ ਅਨੁਸਾਰ ਪੀਰੀਅਡ ਦਿੱਤੇ ਜਾਣਗੇ। |

| | | | | |
|---|---|---|---|---|
| 5 | **ਸੀ ਐਂਡ ਵੀ** | | 33-36 | ਜੇਕਰ ਸਬੰਧਤ ਸਕੂਲ ਵਿੱਚ ਸੀ ਐਂਡ ਵੀ ਕਾਡਰ ਦੇ ਅਧਿਆਪਕਾਂ ਦੇ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਇਹਨਾਂ ਨੂੰ ਸਸਸਸ/ ਸਹਸ ਸਕੂਲਾਂ ਨਾਲ ਜੁੜੇ ਹੋਏ ਮਿਡਲ ਸਕੂਲਾਂ ਵਿੱਚ ਲੋੜ ਅਨੁਸਾਰ ਪੀਰੀਅਡ ਦਿੱਤੇ ਜਾਣਗੇ। |

**ਨੋਟ: ਰੈਸ਼ਨੇਲਾਇਜੇਸ਼ਨ ਮੁਕੰਮਲ ਹੋਣ ਉਪਰੰਤ ਹਰੇਕ ਕਾਡਰ ਆਪਣੇ-ਆਪਣੇ ਨਾਰਮ ਅਨੁਸਾਰ ਪੀਰੀਅਡ ਲਵੇਗਾ।**

**ਰੈਸ਼ਨੇਲਾਈਜੇਸ਼ਨ ਕਰਦੇ ਸਮੇਂ ਪ੍ਰਿੰਸੀਪਲ/ ਹੈੱਡ ਮਾਸਟਰ ਦੇ ਪੀਰੀਅਡ ਰੈਸ਼ਨੇਲਾਈਜੇਸ਼ਨ ਲਈ ਗਿਣੇ ਜਾਣਗੇ।**

3.0 **ਵਿਸ਼ੇਵਾਰ ਪੀਰੀਅਡਜ਼ ਦੀ ਵੰਡ (ਛੇਵੀਂ ਤੋਂ ਦਸਵੀਂ ਜਮਾਤ ਤੱਕ)**

| **ਵਿਸ਼ਾ** | **6ਵੀਂ ਤੋਂ 8ਵੀਂ ਜਮਾਤ ਲਈ ਪੀਰੀਅਡਜ਼ ਦੀ ਗਿਣਤੀ** | **9ਵੀਂ ਤੋਂ 10ਵੀਂ ਜਮਾਤ ਲਈ ਪੀਰੀਅਡਜ਼ ਦੀ ਗਿਣਤੀ** |
|---|---|---|
| ਅੰਗਰੇਜ਼ੀ | 8 | **8** |
| ਸਮਾਜਿਕ ਸਿੱਖਿਆ | 6 | **6** |
| ਪੰਜਾਬੀ | 6 | 6 |
| ਹਿੰਦੀ | **5** | 5 |
| ਹਿਸਾਬ | 8 | **8** |
| ਸਾਇੰਸ | **7** | 8 |
| ਸਰੀਰਕ ਸਿੱਖਿਆ | **4** | **4** |
| ਚੋਣਵਾਂ ਵਿਸ਼ਾ | **4** | 3 |
| ਕੰਪਿਊਟਰ | 4 | 4 |
| **ਨੈਤਿਕ ਸਿੱਖਿਆ** | 1 | 1 |
| **ਲਾਇਬਰੇਰੀ** | 1 | 1 |
| **ਕੁੱਲ ਜੋੜ** | **54** | **54** |

3.1 **ਵਿਸ਼ੇਵਾਰ ਪੀਰੀਅਡਜ਼ ਦੀ ਵੰਡ (ਗਿਆਰਵੀਂ ਤੇ ਬਾਰ੍ਹਵੀਂ ਜਮਾਤ ਲਈ)**

| **ਲੜੀ ਨੰ.** | **ਸਟਰੀਮ/ਗਰੁੱਪ** | **ਵਿਸ਼ਾ** | **ਪੀਰੀਅਡਜ਼ ਦੀ ਗਿਣਤੀ** | |
|---|---|---|---|---|
| | | | **ਥਿਊਰੀ** | **ਪ੍ਰੈਕਟੀਕਲ** |
| 1. | ਸਾਰੇ ਗਰੁੱਪਸ ਵੱਲੋਂ ਪੜ੍ਹੇ ਜਾਣ ਵਾਲੇ ਲਾਜ਼ਮੀ ਵਿਸ਼ੇ | ਪੰਜਾਬੀ | **7** | **0** |
| | | ਅੰਗਰੇਜ਼ੀ | **7** | **0** |
| | | ਵਾਤਾਵਰਨ | **2** | **0** |
| | | ਕੰਪਿਊਟਰ | **2** | **2** |
| | | **ਲਾਇਬਰੇਰੀ** | **1** | **0** |
| 2. | ਸਾਇੰਸ ਮੈਡੀਕਲ/ ਨਾਨ ਮੈਡੀਕਲ | ਫਿਜਿਕਸ | **7** | **4** |
| | | ਕੈਮਿਸਟਰੀ | **7** | **4** |
| | | ਬਾਇਓਲੋਜੀ | **7** | **4** |
| | | ਮੈਥ | **11** | **0** |
| 3. | ਹਿਊਮੈਨਟੀਜ਼ | ਹਿਸਟਰੀ | **9** | **0** |
| | | ਪੋਲ ਸਾਇੰਸ | **9** | **0** |
| | | ਇਕਨਾਮਿਕਸ | **9** | **0** |
| | | ਸੋਸ਼ਿਆਲੋਜੀ | **9** | **0** |
| | | ਸਰੀਰਿਕ ਸਿੱਖਿਆ | **7** | **4** |
| | | ਮਿਊਜ਼ਿਕ | **9** | **0** |
| | | ਫਾਈਨ ਆਰਟਸ | **9** | **0** |
| | | ਜੋਗਰਫੀ | **7** | **4** |
| | | ਹੋਮ ਸਾਇੰਸ | **7** | **4** |
| | | ਐਗਰੀਕਲਚਰ | 7 | 4 |
| 4. | ਚੋਣਵੀਂ ਭਾਸ਼ਾ | ਪੰਜਾਬੀ/ਹਿੰਦੀ/ਅੰਗਰੇਜ਼ੀ | 11 | 0 |
| 5. | ਕਾਮਰਸ ਗਰੁੱਪ | ਬਿਜ਼ਨਸ ਸਟਡੀਜ਼ | 8 | 0 |

| | | | | |
|---|---|---|---|---|
| | | ਅਕਾਊਂਟੈਂਸੀ | 9 | 0 |
| | | ਬਿਜ਼ਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ | 8 | 0 |
| | | ਮਾਡਰਨ ਆਫਿਸ ਪ੍ਰੈਕਟਿਸ/ ਫੰਡਾਮੈਂਟਲ ਆਫ ਈ-ਬਿਜ਼ਨੈਸ | 8 | 0 |
| 6 | ਵੋਕੇਸ਼ਨਲ ਗਰੁੱਪ | ਜੀ ਐਫ ਸੀ | **6** | 0 |
| | | ਬਾਕੀ ਤਿੰਨ ਵਿਸ਼ੇ | **9** | 0 |

**ਨੋਟ :** 11ਵੀਂ ਤੇ 12ਵੀਂ ਜਮਾਤ ਦੇ ਲਾਜ਼ਮੀ ਵਿਸ਼ਿਆਂ ਦੇ **21** ਪੀਰੀਅਡ ਅਤੇ ਚੋਣਵੇਂ ਵਿਸ਼ਿਆਂ ਦੇ **33** ਭਾਵ ਕਿ ਕੁੱਲ **54** ਪੀਰੀਅਡ ਪ੍ਰਤੀ ਹਫ਼ਤਾ ਹੋਣਗੇ।

ਉਪਰੋਕਤ ਮਾਪਦੰਡਾਂ ਦੇ ਅਨੁਸਾਰ ਆਸਾਮੀਆਂ ਨੂੰ ਤਰਕਸੰਗਤ ਕਰਨ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ :

1. ਰੈਸ਼ਨਲਾਈਜ਼ੇਸ਼ਨ ਨੀਤੀ ਨੂੰ ਲਾਗੂ ਕਰਨ ਸਮੇਂ ਮਿਤੀ **30.06.2018** ਨੂੰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਿਆ ਜਾਵੇਗਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਵੱਲੋਂ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਸਕੂਲ-ਵਾਈਜ਼ ਆਸਾਮੀਆਂ ਦੀ ਮਨਜ਼ੂਰੀ/ ਸੈਂਕਸ਼ਨ ਜਾਰੀ ਕੀਤੀ ਜਾਵੇਗੀ ।

2. ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ **ਲੰਮੀ** ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਵਿੱਚ ਕਿਸੇ ਇੱਕ ਵਿਸ਼ੇ ਦੇ ਇੱਕ ਤੋਂ ਵੱਧ ਅਧਿਆਪਕ ਹਨ ਅਤੇ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਤੌਰ 'ਤੇ ਲਿਆ ਜਾਵੇਗਾ।

3. ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਿਸਿਸ 'ਤੇ ਹੋਵੇ) ਤੋਂ ਪੀੜਤ ਹੈ, ਤਾਂ ਉਸਨੂੰ ਸ਼ਿਫ਼ਟ ਨਾ ਕੀਤਾ ਜਾਵੇ ਅਤੇ ਇਹਨਾਂ ਅਧਿਆਪਕਾਂ ਦੀ ਥਾਂ 'ਤੇ ਅਗਲੀ **ਲੰਮੀ** ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ।ਅਜਿਹੇ ਕੇਸਾਂ ਵਿੱਚ ਬਿਮਾਰੀ ਸਬੰਧੀ ਪ੍ਰਮਾਣ ਪੱਤਰ ਘੱਟੋ- ਘੱਟ ਸਿਵਲ ਸਰਜਨ/ ਸਮਰੱਥ ਅਥਾਰਿਟੀ/ ਸੰਸਥਾ ਤੋਂ ਜਾਰੀ ਹੋਇਆ ਹੋਵੇ।

4. ਮਿਡਲ ਸਕੂਲਾਂ ਵਿੱਚ ਅਧਿਆਪਕਾਂ ਦੀ ਤਾਇਨਾਤੀ/ ਸ਼ਿਫ਼ਟਿੰਗ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ:

4.1 ਮਿਡਲ ਸਕੂਲ ਵਿੱਚ ਤਿੰਨ ਸੈਕਸ਼ਨਾਂ ਤੱਕ ਸਿਰਫ਼ ਚਾਰ ਆਸਾਮੀਆਂ ਅੰਗਰੇਜ਼ੀ/ ਸਮਾਜਿਕ ਸਿੱਖਿਆ, ਸਾਇੰਸ (ਨਾਨ ਮੈਡੀਕਲ)/ **ਮੈਥ**, ਪੰਜਾਬੀ/ ਹਿੰਦੀ ਅਤੇ ਪੀਟੀਆਈ/ ਆਰਟ ਐਂਡ ਕਰਾਫ਼ਟ ਹੀ ਰਹਿਣਗੀਆਂ।

4.2 ਸਕੂਲ ਵਿੱਚ ਕਿਸੇ ਵੀ ਸੂਰਤ ਵਿੱਚ ਬੀ.ਏ. (ਮੈਥ) ਅਤੇ ਬੀ.ਐੱਸ.ਸੀ (ਮੈਡੀਕਲ) ਵਾਲਾ ਅਧਿਆਪਕ ਤਾਇਨਾਤ ਨਹੀਂ ਕੀਤਾ ਜਾਵੇਗਾ।

4.3 ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦੇ ਵਾਧੇ ਦੀ ਸੂਰਤ ਵਿੱਚ ਲੋੜ/ ਉਪਲੱਬਧਤਾ ਅਨੁਸਾਰ ਜੇਕਰ ਸਮਾਜਿਕ ਸਿੱਖਿਆ ਦੀ ਆਸਾਮੀ ਪਹਿਲਾਂ ਤੋਂ ਮੌਜੂਦ ਹੈ ਤਾਂ ਅੰਗਰੇਜ਼ੀ ਵਿਸ਼ੇ ਦੀ ਆਸਾਮੀ ਦਿੱਤੀ ਜਾਵੇਗੀ। ਜੇਕਰ ਸਾਇੰਸ ਨਾਨ-ਮੈਡੀਕਲ ਦੀ ਅਸਾਮੀ ਪਹਿਲਾਂ ਮੌਜੂਦ ਹੈ ਤਾਂ ਉਸ ਦੀ ਥਾਂ ਤੇ ਇੱਕ ਸਾਇੰਸ ਮੈਡੀਕਲ ਅਤੇ ਇੱਕ ਮੈਥ ਦੀ ਅਸਾਮੀ ਦਿੱਤੀ ਜਾਵੇਗੀ। ਇਸੇ ਤਰਾਂ ਜਿਨ੍ਹਾਂ ਮਿਡਲ ਸਕੂਲਾਂ ਵਿੱਚ ਸਾਇੰਸ ਮੈਡੀਕਲ ਅਤੇ ਮੈਥ ਦੀ ਅਸਾਮੀ ਦੇਣ ਤੋਂ ਬਾਅਦ ਬੱਚਿਆਂ ਦੀ ਗਿਣਤੀ ਅਤੇ ਵਿਸ਼ੇ ਦੇ ਕੁਲ ਬਣਦੇ ਪੀਰੀਅਡਾਂ ਅਨੁਸਾਰ ਵੱਧ ਅਸਾਮੀਆਂ ਦੀ ਜਰੂਰਤ ਹੋਵੇ ਤਾਂ ਅਗਲੀਆਂ ਅਸਾਮੀਆਂ ਪੀਰੀਅਡਾਂ ਦੇ ਬਣਦੇ ਅਨੁਪਾਤ ਅਨੁਸਾਰ ਦਿੱਤੀਆਂ ਜਾਣਗੀਆਂ।

4.4 ਇਸੇ ਤਰ੍ਹਾਂ ਜੇਕਰ ਕਿਸੇ ਮਿਡਲ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਜਾਂਦੀ ਹੈ ਤਾਂ ਸਾਇੰਸ (ਮੈਡੀਕਲ) ਵਿਸ਼ੇ ਦੀ ਆਸਾਮੀ/ ਅਧਿਆਪਕ ਅਤੇ ਅੰਗਰੇਜ਼ੀ ਵਿਸ਼ੇ ਦੀ ਆਸਾਮੀ ਨੂੰ ਪਹਿਲ ਦੇ ਆਧਾਰ 'ਤੇ ਸ਼ਿਫ਼ਟ ਕੀਤਾ ਜਾਵੇਗਾ।

4.5 ਇਸ ਤੋਂ ਇਲਾਵਾ ਮਿਡਲ ਸਕੂਲਾਂ ਵਿੱਚ ਪੀਟੀਆਈ ਅਤੇ ਆ/ਕ ਟੀਚਰ ਵਿੱਚੋਂ ਇੱਕ ਨੂੰ ਨੇੜਲੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ਼ਿਫ਼ਟ ਕੀਤਾ ਜਾਵੇਗਾ ਕਿਉਂ ਜੋ ਸੀ ਐਂਡ ਵੀ ਕਾਡਰ ਦੀ ਇੱਕ ਆਸਾਮੀ ਹੀ ਸਕੂਲ ਵਿੱਚ ਮੌਜੂਦ ਰਹੇਗੀ।

5. ਜਿਹੜੇ ਸਕੂਲਾਂ ਨੂੰ ਅੰਗਰੇਜ਼ੀ ਅਧਿਆਪਕ ਦੀ ਅਸਾਮੀ ਦਿੱਤੀ ਗਈ ਹੋਵੇ ਉਸਨੂੰ ਵਾਧੂ ਨਾ ਐਲਾਨਿਆ ਜਾਵੇ । ਉਦਾਹਰਣ ਵਜੋਂ ਜੇਕਰ ਕਿਸੇ ਸਕੂਲ ਵਿੱਚ ਸਮਾਜਿਕ ਸਿੱਖਿਆ ਦੀਆਂ ਅਸਾਮੀਆਂ ਵਾਧੂ ਹਨ ਤਾਂ ਅੰਗਰੇਜ਼ੀ ਅਧਿਆਪਕ ਨੂੰ ਰੈਸ਼ਨੇਲਾਈਜੇਸ਼ਨ ਲਈ ਨਹੀਂ ਵਿਚਾਰਿਆ ਜਾਵੇਗਾ, ਭਾਵੇਂ ਕਿ ਉਸਦੀ ਠਹਿਰ ਸਮਾਜਿਕ ਸਿੱਖਿਆ ਅਧਿਆਪਕਾਂ ਨਾਲੋਂ ਵੱਧ ਹੋਵੇ।ਪਰੰਤੂ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਜੇਕਰ ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿਸ਼ੇ ਦੀਆਂ ਅਸਾਮੀਆਂ ਸਰਪੱਲਸ ਹੋਣ ਤਾਂ ਇਹ ਧਿਆਨ ਰੱਖਿਆ ਜਾਵੇ ਕਿ ਸਕੂਲ ਵਿੱਚ ਸਮਾਜਿਕ ਸਿੱਖਿਆ ਦੀ ਅਸਾਮੀ ਸਕੂਲ ਵਿੱਚ ਜਰੂਰ ਰਹੇ ।

6. ਸਿਰਫ਼ ਰੈਸ਼ਨਲਾਈਜ਼ੇਸ਼ਨ ਕਰਨ ਦੇ ਮਕਸਦ ਨਾਲ ਸਰਕਾਰੀ ਸਕੂਲਾਂ/ SSA/ RMSA/ ਅਧੀਨ ਚਲਾਏ ਰਹੇ ਸਕੂਲਾਂ ਅਤੇ ਵਿਭਾਗੀ/ SSA/ RMSA/PICTES ਅਧੀਨ ਭਰਤੀ ਹੋਏ ਅਧਿਆਪਕਾਂ ਦੀ ਤਾਇਨਾਤੀ ਸਮੇਂ ਕੋਈ ਵੀ ਵਖਰੇਵਾਂ ਨਹੀਂ ਰੱਖਿਆ ਜਾਵੇਗਾ।ਇਸ ਤੋਂ ਇਲਾਵਾ ਕਿਸੇ ਸਕੂਲ ਵਿੱਚ ਅਸਾਮੀ ਵਾਧੂ ਹੋਣ ਤੇ ਕਰਮਚਾਰੀ ਨੂੰ ਸਰਕਾਰ ਵੱਲੋਂ RMSA ਅਧੀਨ ਚਲਾਏ ਜਾ ਰਹੇ ਮਾਡਲ ਸਕੂਲਾਂ ਅਤੇ RMSA ਰਾਹੀਂ ਚਲਾਏ ਜਾ ਰਹੇ 6 ਆਦਰਸ਼ ਸਕੂਲਾਂ ਜ੍ਹਿਨਾਂ ਦੀ 100% ਫ਼ੰਡਿੰਗ ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ ਕੀਤੀ ਜਾਂਦੀ ਹੈ, ਲਈ ਵੀ ਵਿਚਾਰਿਆ ਜਾ ਸਕਦਾ ਹੈ।ਕਿਉਂ ਜੋ ਮਾਡਲ ਅਤੇ ਆਦਰਸ਼ ਸਕੂਲਾਂ ਵਿੱਚ ਸੀ ਬੀ ਐਸ ਈ ਦਾ ਸਿਲੇਬਸ ਤੇ ਅੰਗਰੇਜ਼ੀ ਮਾਧਿਅਮ ਲਾਗੂ ਹੈ, ਇਸ ਲਈ ਇਹਨਾਂ ਸਕੂਲਾਂ ਵਿੱਚ ਜਾਣ ਲਈ ਚਾਹਵਾਨ/ ਸ਼ਿਫ਼ਟ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਇੰਟਰਵਿਊ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਵੱਲੋਂ ਕੀਤੀ ਜਾਵੇਗੀ।

7. ਸੀਨੀਅਰ ਸੈਕੰਡਰੀ ਸਕੂਲ ਵਿੱਚ ਕਿਸੇ ਵਿਸ਼ੇ ਦੇ ਲੈਕਚਰਰ ਦੀ ਆਸਾਮੀ ਖਾਲੀ ਹੋਣ ਦੀ ਸੂਰਤ ਵਿੱਚ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ:

7.1 ਲੈਕਚਰਰਜ਼ ਨੂੰ 11ਵੀਂ ਤੇ 12ਵੀਂ ਜਮਾਤ ਦੇ ਆਪਣੇ ਵਿਸ਼ੇ ਦੇ ਬਣਦੇ ਪੀਰੀਅਡ ਪੂਰੇ ਕਰਨ ਉਪਰੰਤ ਜੇਕਰ 11ਵੀਂ ਤੇ 12ਵੀਂ ਜਮਾਤ ਦੇ ਕਿਸੇ ਵਿਸ਼ੇ ਦੀ ਆਸਾਮੀ ਖਾਲੀ ਹੈ ਤਾਂ ਸਭ ਤੋਂ ਪਹਿਲਾਂ ਉਸ ਵਿਸ਼ੇ ਦੇ ਪੀਰੀਅਡ ਦੇ ਕੇ ਪੂਰੇ ਕੀਤੇ ਜਾਣਗੇ।ਉਸ ਤੋਂ ਬਾਅਦ ਤਰਤੀਬਵਾਰ ਦਸਵੀਂ, ਨੌਵੀਂ ਜਾਂ ਹੇਠਲੀਆਂ ਜਮਾਤਾਂ ਦੇ ਪੀਰੀਅਡ ਦਿੱਤੇ ਜਾਣਗੇ ਅਤੇ ਇਹਨਾਂ ਦਾ ਨਤੀਜਾ ਸਬੰਧਤ ਲੈਕਚਰਰ ਦੀ ਸਾਲਾਨਾ ਗੁਪਤ ਰਿਪੋਰਟ ਵਿੱਚ ਦਰਜ਼ ਕੀਤਾ ਜਾਵੇਗਾ। **ਜੇਕਰ ਕੋਈ ਲੈਕਚਰਾਰ ਹੇਠਲੀਆਂ ਜਮਾਤਾਂ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਵਿਰੁਧ ਸਕੂਲ ਪ੍ਰਿੰਸੀਪਲ ਵੱਲੋਂ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਵੇਗੀ ਅਤੇ ਉਸ ਲੈਕਚਰਾਰ ਨੂੰ ਉਸ ਸਕੂਲ ਤੋਂ ਬਦਲਿਆ ਜਾਵੇਗਾ।**

7.2 ਲੈਕਚਰਰ ਦੇ ਪੀਰੀਅਡ ਪੂਰੇ ਕਰਨ ਲਈ ਉਸ ਨੂੰ ਤਰਜੀਹੀ ਤੌਰ 'ਤੇ ਉਸੇ ਵਿਸ਼ੇ ਦੇ ਪੀਰੀਅਡ ਦਿੱਤੇ ਜਾਣ **ਜਿਸ ਵਿੱਚੋਂ/ ਜਿਸ ਵਿਸ਼ੇ** ਤੇ ਉਹ ਪਦ-ਉੱਨਤ ਹੋਇਆ ਹੈ।

7.3 ਜੇਕਰ ਗਿਆਰਵੀਂ ਤੇ ਬਾਰ੍ਹਵੀਂ ਜਮਾਤਾਂ ਦੇ ਪੀਰੀਅਡ ਮਾਸਟਰ ਕਾਡਰ ਜਾਂ ਸੀ ਐਂਡ ਵੀ ਕਾਡਰ ਵੱਲੋਂ ਲਏ ਜਾ ਰਹੇ ਹਨ ਤਾਂ ਇਹ ਪੀਰੀਅਡ ਉਸ ਅਧਿਆਪਕ ਦੇ ਖ਼ਾਤੇ ਵਿੱਚ ਗਿਣੇ ਜਾਣਗੇ ਅਤੇ ਇਸ ਸੂਰਤ ਵਿੱਚ ਉਸ ਦੀ ਆਸਾਮੀ ਵਾਧੂ ਨਹੀਂ ਗਿਣੀ ਜਾਵੇਗੀ।ਇਸੇ ਤਰਾਂ ਲੈਕਚਰਰ ਦੀ ਖਾਲੀ ਆਸਾਮੀ ਨੂੰ ਵੀ ਸ਼ਿਫ਼ਟ ਨਹੀਂ ਕੀਤਾ ਜਾਵੇਗਾ।

7.4 ਜੇਕਰ ਕਿਸੇ ਸਕੂਲ ਵਿੱਚ ਇੱਕ ਵਿਸ਼ੇ ਦੇ ਲੈਕਚਰਰ ਦੀਆਂ ਇੱਕ ਤੋਂ ਵੱਧ ਆਸਾਮੀਆਂ ਹਨ ਅਤੇ ਉਸ ਵਿਸ਼ੇ ਦੇ ਪੀਰੀਅਡ ਪੂਰੇ ਨਹੀਂ ਹੁੰਦੇ ਤਾਂ ਲੈਕਚਰਰ ਦੀ ਆਸਾਮੀ ਉਸ ਸਕੂਲ ਵਿਖੇ **ਸ਼ਿਫ਼ਟ ਕੀਤੀ ਜਾਵੇਗੀ ਜਿਥੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੋੜ ਹੋਵੇ।**

7.5 ਸੀਨੀਅਰ ਸੈਕੰਡਰੀ ਸਕੂਲ ਵਿੱਚ ਜੇਕਰ ਲੈਕਚਰਰ ਸਰੀਰਕ ਸਿੱਖਿਆ ਦੀ ਆਸਾਮੀ ਮੌਜੂਦ ਹੈ ਅਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹੇਠਲੀਆਂ ਜਮਾਤਾਂ ਲਈ ਇੱਕ ਆਸਾਮੀ ਹੋਰ ਬਣਦੀ ਹੈ ਤਾਂ ਪਹਿਲ ਦੇ ਆਧਾਰ 'ਤੇ ਪੀ ਟੀ ਆਈ ਦੀ ਆਸਾਮੀ ਰਹੇਗੀ/ ਦਿੱਤੀ ਜਾਵੇਗੀ।ਜੇਕਰ ਫ਼ਿਰ ਵੀ ਸਰੀਰਕ ਸਿੱਖਿਆ ਦੇ ਵਿਸ਼ੇ ਦੀ ਇੱਕ ਹੋਰ ਆਸਾਮੀ ਦੀ ਜ਼ਰੂਰਤ ਹੈ ਤਾਂ ਡੀ ਪੀ ਈ ਦੀ ਆਸਾਮੀ ਨੂੰ ਵਿਚਾਰਿਆ ਜਾਵੇਗਾ।

8. ਉਹ ਸਕੂਲ ਜਿੱਥੇ ਵੋਕੇਸ਼ਨਲ ਗਰੁੱਪ ਚਾਲੂ ਹੈ ਜਾਂ ਵੋਕੇਸ਼ਨਲ ਗਰੁੱਪ ਤੋਂ ਪ੍ਰਿੰਸੀਪਲ ਪਦ-ਉੱਨਤ ਹੋਇਆ ਕਰਮਚਾਰੀ ਹੈ ਜਾਂ ਵੋਕੇਸ਼ਨਲ ਮਾਸਟਰ ਮੌਜੂਦ ਹੈ, ਅਜਿਹੇ ਸਕੂਲਾਂ ਲਈ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ:

8.1 ਅਜਿਹੇ ਸਕੂਲ ਜਿੱਥੇ ਵੋਕੇਸ਼ਨਲ ਗਰੁੱਪ ਚਾਲੂ ਨਹੀਂ ਹੈ ਪ੍ਰੰਤੂ ਵੋਕੇਸ਼ਨਲ ਮਾਸਟਰ ਦੀ ਖ਼ਾਲੀ ਜਾਂ ਭਰੀ ਆਸਾਮੀ ਮੌਜੂਦ ਹੈ, ਰੈਸ਼ਨਲਾਈਜੇਸ਼ਨ ਕਰਨ ਵੇਲੇ ਇਸ ਭਰੀ ਜਾਂ ਖ਼ਾਲੀ ਆਸਾਮੀ ਨੂੰ ਲੋੜਵੰਦ ਸਕੂਲ ਵਿੱਚ ਸ਼ਿਫ਼ਟ ਕੀਤਾ ਜਾਵੇ।

8.2 ਇਸ ਦੇ ਨਾਲ ਹੀ ਜਿਹੜੇ ਸਕੂਲਾਂ ਵਿੱਚ ਪ੍ਰਿੰਸੀਪਲ ਵੋਕੇਸ਼ਨਲ ਮਾਸਟਰ ਤੋਂ ਪਦ-ਉੱਨਤ ਹੋਏ ਹਨ, ਉਹ ਅਗਲੇ ਵਿੱਦਿਅਕ ਵਰ੍ਹੇ ਭਾਵ **01-04-2019** ਤੋਂ ਆਪਣੇ ਸਕੂਲ ਵਿੱਚ ਵੋਕੇਸ਼ਨਲ ਗਰੁੱਪ ਚਾਲੂ ਕਰਨਾ ਯਕੀਨੀ ਬਣਾਉਣਗੇ ਨਹੀਂ ਤਾਂ ਉਹਨਾਂ ਨੂੰ ਅਜਿਹੇ ਸਕੂਲ ਵਿੱਚ ਸ਼ਿਫ਼ਟ ਕੀਤਾ ਜਾਵੇਗਾ ਜਿੱਥੇ ਉਸ ਦੇ ਆਪਣੇ ਟ੍ਰੇਡ ਦਾ ਵਿਸ਼ਾ ਚਾਲੂ ਹੋਵੇ।

8.3 ਜੇਕਰ ਸਕੂਲ ਵਿੱਚ ਵੋਕੇਸ਼ਨਲ ਗਰੁੱਪ ਚਾਲੂ ਹੈ ਤਾਂ ਪ੍ਰਿੰਸੀਪਲ ਵੋਕੇਸ਼ਨਲ ਵਿਸ਼ੇ ਦੀ ਬੋਰਡ ਦੀ ਜਮਾਤ ਲਵੇਗਾ ਅਤੇ ਜੇਕਰ ਗਰੁੱਪ ਚਾਲੂ ਨਹੀਂ ਹੈ ਤਾਂ ਪ੍ਰਿੰਸੀਪਲ ਕਿਸੇ ਹੋਰ ਵਿਸ਼ੇ ਦੀ ਬੋਰਡ ਦੀ ਜਮਾਤ ਹੀ ਲਵੇਗਾ।

9. ਕੰਪਿਊਟਰ ਟੀਚਰ ਦੀਆਂ ਆਸਾਮੀਆਂ ਨੂੰ ਰੈਸ਼ਨਲਾਈਜ਼ ਕਰਨ ਸਮੇਂ ਕੰਪਲੈਕਸ ਸਕੂਲ (ਸਸਸਸ/ਹਾਈ/ਮਿਡਲ) ਨੂੰ ਇੱਕ ਇਕਾਈ ਮੰਨਿਆ ਜਾਵੇਗਾ।

10. ਇਸੇ ਤਰਾਂ ਪੀ ਟੀ ਆਈ ਅਤੇ ਆਰਟ ਐਂਡ ਕਰਾਫ਼ਟ ਦੀਆਂ ਆਸਾਮੀਆਂ ਨੂੰ ਰੈਸ਼ਨਲਾਈਜ਼ ਕਰਨ ਸਮੇਂ ਕੰਪਲੈਕਸ ਸਕੂਲ (ਸਸਸਸ/ਹਾਈ/ਮਿਡਲ) ਨੂੰ ਇੱਕ ਇਕਾਈ ਮੰਨਿਆ ਜਾਵੇਗਾ।

11. ਜੇਕਰ ਕਿਸੇ ਸਕੂਲ ਵਿੱਚ ਸਿੱਖਿਆ ਪ੍ਰੋਵਾਈਡਰ ਮੌਜੂਦ ਹੈ ਅਤੇ ਅਧਿਆਪਕਾਂ ਦੀ ਤਾਇਨਾਤੀ ਨਿਯਮਾਂ ਅਨੁਸਾਰ ਠੀਕ ਹੈ ਤਾਂ ਉਸ ਸਕੂਲ ਵਿੱਚ ਤਾਇਨਾਤ ਸਿੱਖਿਆ ਪ੍ਰੋਵਾਈਡਰ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਦੇ ਦਫ਼ਤਰ ਵਿੱਚ ਰਿਪੋਰਟ ਕਰਨ ਦੀ ਹਦਾਇਤ ਕੀਤੀ ਜਾਵੇਗੀ।ਪਰੰਤੂ ਜੇਕਰ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਤਾਂ ਕਿਸੇ ਅਧਿਆਪਕ ਦੀ ਤਾਇਨਾਤੀ ਤੱਕ ਉਸ ਸਿੱਖਿਆ ਪ੍ਰੋਵਾਈਡਰ ਤੋਂ ਜ਼ਰੂਰਤ ਅਨੁਸਾਰ ਕੰਮ ਲਿਆ ਜਾਵੇਗਾ।ਜ਼ਿਲ੍ਹੇ ਵਿੱਚ ਵਾਧੂ ਸਿੱਖਿਆ ਪ੍ਰੋਵਾਈਡਰਜ਼ ਦੀ ਤਾਇਨਾਤੀ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਵੱਲੋਂ ਬਾਅਦ ਵਿੱਚ ਵੱਖਰੇ ਤੌਰ 'ਤੇ ਹਦਾਇਤ ਜਾਰੀ ਕੀਤੀ ਜਾਵੇਗੀ।

12. ਸਕੂਲ ਵਿੱਚ ਖਾਲੀ ਵਾਧੂ ਆਸਾਮੀ ਨੂੰ ਲੋੜਵੰਦ ਸਕੂਲ ਵਿੱਚ ਅਤੇ ਲੀਅਨ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵਿੱਚ ਸ਼ਿਫਟ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਦੀ ਰਿਪੋਰਟ ਤੁਰੰਤ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਨੂੰ ਭੇਜੇਗਾ।

13. ਜੇਕਰ ਕਿਸੇ ਸਕੂਲ ਵਿੱਚੋਂ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਗਰੁੱਪ/ ਅਸਾਮੀ ਸ਼ਿਫਟ ਹੁੰਦੀ ਹੈ ਜਾਂ ਦੇਣੀ ਬਣਦੀ ਹੈ ਤਾਂ ਇਸ ਸਬੰਧੀ ਤਜਵੀਜ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ) ਨੂੰ ਭੇਜੀ ਜਾਵੇਗੀ।

14 **ਬਦਲੀਆਂ ਦੀ ਨੀਤੀ ਅਨੁਸਾਰ ਜੋ ਜੋਨ 1 ਅਤੇ 2 ਨਿਰਧਾਰਤ ਕੀਤੇ ਗਏ ਹਨ ਉਨਹਾਂ ਵਿੱਚ ਸਥਾਪਿਤ ਸਕੂਲਾਂ ਵਿੱਚ ਜੇਕਰ 90% ਤੋਂ ਵੱਧ ਅਸਾਮੀਆਂ ਭਰੀਆਂ ਹੋਈਆਂ ਹਨ ਤਾਂ ਉਸ ਸਕੂਲ ਵਿੱਚ ਕਿਸੇ ਸਕੂਲ ਤੋਂ ਸਰਪਲਸ ਹੋਏ ਅਧਿਆਪਕ ਨੂੰ ਨਹੀਂ ਬਦਲਿਆ ਜਾਵੇਗਾ ਬਸ਼ਰਤੇ ਕਿ ਉਸ ਸਕੂਲ ਵਿੱਚ ਉਸ ਵਿਸ਼ੇ ਦੀਆਂ ਸਾਰੀਆਂ ਅਸਾਮੀਆਂ ਖਾਲੀ ਨਾ ਹੋਣ।**

**ਅ) <u>ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜ਼ੇਸ਼ਨ ਪਾਲਿਸੀ 2018-19</u>**

ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਦੀ ਤਰਕਸੰਗਤ ਤਾਇਨਾਤੀ ਲਈ ਹੇਠ ਲਿਖੇ ਨੁਕਤਿਆਂ/ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ:

1. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਦਾ ਆਧਾਰ **30.06.2018** ਨੂੰ ਮੰਨਿਆ ਜਾਵੇਗਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਵੱਲੋਂ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਸਕੂਲ-ਵਾਈਜ਼ ਆਸਾਮੀਆਂ ਦੀ ਮਨਜ਼ੂਰੀ/ ਸੈਂਕਸ਼ਨ ਜਾਰੀ ਕੀਤੀ ਜਾਵੇਗੀ ।

2. ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ **ਗਿਣਤੀ 51 ਤੋਂ ਘੱਟ** ਹੈ ਅਤੇ ਸਕੂਲ ਵਿੱਚ ਹੈੱਡ ਟੀਚਰ ਦੀ ਆਸਾਮੀ ਭਰੀ ਹੋਈ ਹੈ, ਤਾਂ ਹੈੱਡ ਟੀਚਰ ਨੂੰ ਆਸਾਮੀ ਸਮੇਤ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 51 ਜਾਂ ਇਸ ਤੋਂ ਵੱਧ ਹੈ।ਹੈੱਡ ਟੀਚਰ ਨੂੰ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿੱਥੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਮਨਜ਼ੂਰ-ਸ਼ੁਦਾ ਅਤੇ ਖਾਲੀ ਹੋਵੇ ਅਤੇ ਉਸ ਦੀ ਆਸਾਮੀ ਨੂੰ ਉਸ ਸਕੂਲ ਵਿੱਚ ਸ਼ਿਫ਼ਟ ਕਰ ਦਿੱਤਾ ਜਾਵੇਗਾ ਜਿੱਥੇ ਬੱਚਿਆਂ ਦੀ ਗਿਣਤੀ ਅਨੁਸਾਰ ਹੈੱਡ ਟੀਚਰ ਦੀ ਆਸਾਮੀ ਦੇਣੀ ਬਣਦੀ ਹੈ। **ਰੈਸ਼ਨੇਲਾਇਜੇਸ਼ਨ ਕਰਦੇ ਸਮੇਂ ਕਿਸੇ ਜਿਲੇ ਵਿੱਚ ਹੈਡ ਟੀਚਰ ਦੀ ਅਸਾਮੀ ਉਸ ਜਿਲੇ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਘੱਟਦੇ ਕ੍ਰਮ ਅਨੁਸਾਰ ਸਕੂਲਾਂ ਵਿੱਚ ਦਿੱਤੀ ਜਾਵੇਗੀ।**

3. ਜਿਨ੍ਹਾਂ ਸਕੂਲਾਂ ਵਿੱਚ ਸੀ.ਐੱਚ.ਟੀ ਕੰਮ ਕਰ ਰਹੇ ਹਨ ਅਤੇ ਉਹ ਇੱਕ ਅਧਿਆਪਕ ਦੇ ਤੌਰ 'ਤੇ ਪੜ੍ਹਾ ਰਹੇ ਹਨ ਅਤੇ ਜੇਕਰ ਉਸ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ ਕੋਈ ਆਸਾਮੀ ਸਰਪਲੱਸ ਬਣਦੀ ਹੈ ਤਾਂ ਸੀ ਐੱਚ ਟੀ ਨੂੰ ਸ਼ਿਫ਼ਟ ਨਾ ਕਰਦੇ ਹੋਏ **ਲੰਮੀ** ਠਹਿਰ ਵਾਲੇ ਈ ਟੀ ਟੀ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ।

4. ਰੈਸ਼ਨੇਲਾਈਜ਼ੇਸ਼ਨ ਕਰਦੇ ਸਮੇਂ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨ ਕੇ ਜੇਕਰ ਸਕੂਲ ਵਿੱਚ ਖਾਲੀ ਜਾਂ ਭਰੀ ਆਸਾਮੀ ਵਾਧੂ/ ਸਰਪਲੱਸ ਹੈ ਤਾਂ ਸਕੂਲ ਵਿੱਚ ਪਹਿਲਾ ਖਾਲੀ ਅਸਾਮੀ ਨੂੰ ਅਤੇ ਫਿਰ **ਲੰਮੀ** ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ ਅਤੇ ਜੇਕਰ ਕੋਈ ਕਰਮਚਾਰੀ ਆਪਣੀ ਮਰਜ਼ੀ ਅਨੁਸਾਰ ਸ਼ਿਫ਼ਟ ਹੋਣਾ ਚਾਹੁੰਦਾ ਹੈ ਤਾਂ ਉਸ ਤੋਂ ਇਸ ਸਬੰਧੀ ਲਿਖਤੀ ਆਪਸ਼ਨ ਲਈ ਜਾਵੇਗੀ। **ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲ ਵਿੱਚ ਲੋੜੀਦੀਆਂ ਅਸਾਮੀਆਂ ਦੀ ਪ੍ਰਵਾਨਗੀ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ ਵੱਲੋਂ ਦਿੱਤੀ ਜਾਵੇਗੀ।**

5. ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ ( ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ, ਤਾਂ ਉਸਨੂੰ ਸ਼ਿਫ਼ਟ ਨਾ ਕੀਤਾ ਜਾਵੇ ਅਤੇ ਇਹਨਾਂ ਅਧਿਆਪਕਾਂ ਦੀ ਥਾਂ 'ਤੇ ਅਗਲੀ **ਲੰਮੀ** ਠਹਿਰ ਵਾਲੇ ਅਧਿਆਪਕ ਨੂੰ ਸ਼ਿਫ਼ਟ ਕੀਤਾ ਜਾਵੇਗਾ।ਅਜਿਹੇ ਕੇਸਾਂ ਵਿੱਚ ਬਿਮਾਰੀ ਸਬੰਧੀ ਪ੍ਰਮਾਣ ਪੱਤਰ ਘੱਟੋ- ਘੱਟ ਸਿਵਲ ਸਰਜਨ/ ਸਮਰੱਥ ਅਥਾਰਿਟੀ/ ਸੰਸਥਾ ਤੋਂ ਜਾਰੀ ਹੋਇਆ ਹੋਵੇ।

6. ਸਿਰਫ਼ ਰੈਸ਼ਨੇਲਾਈਜ਼ੇਸ਼ਨ ਕਰਨ ਦੇ ਮਕਸਦ ਨਾਲ ਸਰਕਾਰੀ/ਸਰਵ ਸਿੱਖਿਆ ਅਭਿਆਨ ਅਧੀਨ ਚਲਾਏ ਜਾ ਰਹੇ ਸਕੂਲਾਂ ਅਤੇ ਵਿਭਾਗੀ/ ਸਰਵ ਸਿੱਖਿਆ ਅਭਿਆਨ ਅਧੀਨ ਭਰਤੀ ਹੋਏ ਅਧਿਆਪਕਾਂ ਦੀ ਤਾਇਨਾਤੀ ਸਮੇਂ ਕੋਈ ਵਖਰੇਵਾਂ ਨਹੀਂ ਰੱਖਿਆ ਜਾਵੇਗਾ।

7. ਸਕੂਲ ਵਿੱਚ ਖਾਲੀ ਵਾਧੂ ਆਸਾਮੀ ਨੂੰ ਲੋੜਵੰਦ ਸਕੂਲ ਵਿੱਚ ਅਤੇ ਲੀਅਨ ਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵਿੱਚ ਸ਼ਿਫਟ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਦੀ ਰਿਪੋਰਟ ਤੁਰੰਤ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਨੂੰ ਭੇਜੇਗਾ। **ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਵੱਲੋਂ ਹਰ ਮਹੀਨੇ ਅਸਾਮੀਆਂ ਦੀ ਪੜਚੋਲ ਕੀਤੀ ਜਾਵੇਗੀ।**

8. **ਅਧਿਆਪਕਾਂ ਦੀ ਤਬਾਦਲਾ ਨੀਤੀ ਅਨੁਸਾਰ ਸਕੂਲਾਂ ਵਿੱਚ ਅਸਾਮੀਆਂ ਦੀ ਰੈਸ਼ਨੇਲਾਇਜੇਸ਼ਨ ਹਰ ਸਾਲ 1 ਦਸੰਬਰ ਤੋਂ 31 ਦਸੰਬਰ ਤੱਕ ਕੀਤੀ ਜਾਵੇਗੀ।**

9. **ਜੇਕਰ ਕੋਈ ਨੁਕਤਾ ਇਸ ਪਾਲਿਸੀ ਵਿੱਚ ਸ਼ਾਮਿਲ ਨਹੀਂ ਤਾਂ ਉਸ ਤੇ ਫੈਸਲਾ ਸਰਕਾਰ ਪੱਧਰ ਤੇ ਕੀਤਾ ਜਾਵੇਗਾ।**